بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.10.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਜੇ ਕਰ ਹਰ ਵਕਫ਼ੇ ਨੌ ਲੜਕਾ ਤੇ ਲੜਕੀ ਆਪਣੇ ਇਸ ਅਹਿਦ (ਪ੍ਰਣ) ਨੂੰ ਵਫ਼ਾਦਾਰੀ ਨਾਲ ਪੂਰਾ ਕਰਨ ਵਾਲਾ ਹੋਵੇ ਤਾਂ ਅਸੀਂ ਦੁਨੀਆਂ ਵਿੱਚ ਇਕ ਇਨਕਲਾਬ ਪੈਦਾ ਕਰ ਸਕਦੇ ਹਾਂ । ਮਾਂਪਿਆਂ ਨੂੰ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਜਿੰਨ੍ਹੀ ਚਾਹੇ ਆਪਣੇ ਬੱਚਿਆਂ ਨੂੰ ਜੁਬਾਨੀ ਤਰਬੀਯਤ ਕਰ ਲੈਂਣ ਉਸ ਦਾ ਪ੍ਰਭਾਵ ਉਸ ਸਮੇਂ ਤੱਕ ਨਹੀਂ ਹੋਵੇਗਾ ਜੱਦ ਤੱਕ ਆਪਣੀ ਕਹਿਣੀ ਤੇ ਕਰਨੀ ਨੂੰ ਉਸ ਅਨੁਸਾਰ ਨਹੀਂ ਕਰਨਗੇ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਅਕਤੂਬਰ 2016 ਈ. ਨੂੰ ਕੈਨੇਡਾ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਦੀ ਮਿਹਰ ਨਾਲ ਜਮਾਤ ਵਿੱਚ ਬੱਚਿਆਂ ਨੂੰ ਵਕਫ਼ ਕਰਨ ਦਾ ਰੁਝਾਨ ਵੱਧ ਰਿਹਾ ਹੈ । ਪ੍ਰਤੀਦਿਨ ਮੈਂਨੂੰ ਮਾਂਪਿਆਂ ਦੇ ਪਤੱਰ ਮਿਲਦੇ ਹਨ । ਕਈ ਦਿਨਾਂ ਵਿੱਚ ਇਹਨਾਂ ਦੀ ਗਿਣਤੀ ਵੀਹ ਪੰਝੀ ਵੀ ਹੋ ਜਾਂਦੀ ਹੈ, ਜਿਸ ਵਿੱਚ ਮਾਂਪਿਆਂ ਨੇ ਆਪਣੇ ਹੋਣ ਵਾਲੇ ਬੱਚਿਆਂ ਨੂੰ ਵਕਫ਼ੇ ਨੌ ਵਿੱਚ ਸ਼ਾਮਲ ਕਰਨ ਦੀ ਬੇਨਤੀ ਕੀਤੀ ਹੁੰਦੀ ਹੈ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਨੇ ਜੱਦ ਇਹ ਤਹਿਰੀਕ ਕੀਤੀ ਸੀ । ਪਹਿਲਾਂ ਇਹ ਮੁਸਤਕਿਲ (ਨਿਰੰਤਰ) ਨਹੀਂ ਸੀ ਫਿਰ ਆਪ ਨੇ ਮੁਸਤਕਿਲ ਕਰ ਦਿੱਤੀ ਅਤੇ ਜਮਾਤ ਨੇ ਵੀ ਵਿਸ਼ੇਸ਼ ਰੂਪ ਵਿੱਚ ਮਾਂਵਾਂ ਨੇ ਇਸ'ਤੇ ਹਰ ਦੇਸ਼ ਵਿੱਚ ਲਬੈਕ (ਹਾਜ਼ਰ) ਕਿਹਾ । ਅੱਜ ਤੋਂ ਬਾਰ੍ਹਾਂ ਤੇਰਾਂ ਸਾਲ ਪਹਿਲਾਂ ਜੋ ਗਿਣਤੀ ਵਾਕਫ਼ੀਨ ਨੌ ਦੀ 28000 ਤੋਂ ਵੱਧ ਸੀ ਹੁਣ ਇਹ ਗਿਣਤੀ ਰੱਬ ਦੀ ਮਿਹਰ ਨਾਲ 61000 ਦੇ ਲਗਭਗ ਪਹੁੰਚ ਚੁਕੀ ਹੈ ਜਿਸ ਵਿੱਚ 36000 ਤੋਂ ਵੱਧ ਲੜਕੇ ਹਨ ਅਤੇ ਬਾਕੀ ਲੜਕੀਆਂ ਹਨ । ਭਾਵ ਇਹ ਕਿ ਸਮੇਂ ਦੇ ਨਾਲ ਨਾਲ ਇਹ ਰੁਝਾਨ ਵੱਧ ਰਿਹਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਪੈਦਾਇਸ਼ ਤੋਂ ਪਹਿਲਾਂ ਵਕਫ਼ ਕਰਨਾ ਹੈ, ਪਰ ਕੇਵਲ ਬੱਚਿਆਂ ਨੂੰ ਵਕਫ਼ ਕਰਨ ਨਾਲ ਮਾਂਪਿਆਂ ਦੀ ਜ਼ਿੰਮੇਦਾਰੀ ਖ਼ਤਮ ਨਹੀਂ ਹੋ ਜਾਂਦੀ, ਸਗੋਂ ਪਹਿਲਾਂ ਤੋਂ ਵੱਧ ਜਾਂਦੀ ਹੈ । ਬੇਸ਼ਕ ਇਹ ਅਹਮਦੀ ਬੱਚੇ ਦੀ ਤਰਬੀਯਤ ਮਾਂਪਿਆਂ ਉਪੱਰ ਹੈ ਅਤੇ ਮਾਂ ਬਾਪ ਆਪਣੇ ਬੱਚਿਆਂ ਦੀ ਸੰਸਾਰਕ ਵਿਦਿਆ ਵੀ ਚਾਹੁੰਦੇ ਹਨ, ਤਰਬੀਯਤ ਵੀ ਚਾਹੁੰਦੇ ਹਨ, ਧਾਰਮਤ ਵਿਦਿਆ ਵੀ ਚਾਹੁੰਦੇ ਹਨ, ਪਰ ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਹਰ ਬੱਚਾ ਵਿਸ਼ੇਸ਼ ਰੂਪ ਵਿਚ ਵਕਫ਼ੇ ਨੌ ਬਚੱਾ ਉਹਨਾਂ ਕੋਲ ਜਮਾਤ ਦੀ ਅਮਾਨਤ ਹੈ ਉਹਨਾਂ ਕੋਲ ਜਿਸ ਦੀ ਤਰਬੀਯਤ ਅਤੇ ਉਸ ਨੂੰ ਜਮਾਤ ਤੇ ਸਮਾਜ ਲਈ ਵੱਧੀਆ ਹਿਸੱਾ ਬਨਾਉਣਾ ਮਾਂਪਿਆਂ ਦਾ ਕਰਤਵ ਹੈ, ਪਰ ਵਾਕਫ਼ੀਨ ਨੌ ਬੱਚਿਆਂ ਦੀ ਤਰਬੀਯਤ ਉਹਨਾਂ ਦੀ ਦੀਨੀ ਅਤੇ ਦੁਨੀਆਵੀ ਵਿਦਿਆ ਉਪੱਰ ਵਿਸ਼ੇਸ਼ ਧਿਆਨ ਦੇਣ ਅਤੇ ਉਸ ਨੂੰ ਚੰਗੇ ਢੰਗ ਨਾਲ ਤਿਆਰ ਕਰਕੇ ਜਮਾਤ ਨੂੰ ਦੇਣਾ ਇਸ ਪੱਖੋ ਵੀ ਜ਼ਿੰਮੇਦਾਰੀ ਬਣ ਜਾਂਦੀ ਹੈ ਕਿ ਪੈਦਾਇਸ਼ ਤੋਂ ਪਹਿਲਾਂ ਮਾਂ ਬਾਪ

ਇਹ ਅਹਿਦ ਕਰਦੇ ਹਨ ਕਿ ਅਸੀਂ ਜੋ ਕੁਝ ਵੀ ਸਾਡੇ ਘਰ ਪੈਦਾ ਹੋਣ ਵਾਲਾ ਹੈ ਲੜਕਾ ਜਾਂ ਲੜਕੀ ਉਸ ਨੂੰ ਰੱਬ ਖ਼ਾਤਰ ਰੱਬ ਦੇ ਧਰਮ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੇ ਮਿਸ਼ਨ ਦੀ ਪੂਰਨਤਾ ਲਈ ਜੋ ਸੁਮਾਰਗ ਦਾ ਮਿਸ਼ਨ ਹੈ, ਜੋ ਇਸਲਾਮ ਦੀ ਸਿੱਖਿਆ ਨੂੰ ਦੁਨੀਆ ਵਿੱਚ ਫੈਲਾਉਣ ਦਾ ਮਿਸ਼ਨ ਹੈ, ਜੋ ਰੱਬ ਦਾ ਹੱਕ ਪੂਰਾ ਕਰਨ ਵੱਲ ਦੁਨੀਆ ਨੂੰ ਧਿਆਨ ਦੁਆਉਣ ਵਾਲਾ ਮਿਸ਼ਨ ਹੈ, ਉਸ ਦੇ ਲਈ ਪੇਸ਼ ਕਰਦੇ ਹਾਂ । ਸੋ, ਇਹ ਕੋਈ ਸਾਧਾਰਣ ਜ਼ਿੰਮੇਦਾਰੀ ਨਹੀਂ ਜੋ ਵਕਫ਼ੇ ਨੌ ਬੱਚਿਆਂ ਦੇ ਮਾਂ ਬਾਪ ਵਿਸ਼ੇਸ਼ ਰੂਪ ਵਿੱਚ ਮਾਂ ਆਪਣੇ ਹੋਣ ਵਾਲੇ ਬੱਚੇ ਨੂੰ ਪੈਦਾਇਸ਼ ਤੋਂ ਪਹਿਲਾਂ ਹੀ ਰੱਬ ਨਾਲ ਇਹ ਪ੍ਰਣ ਕਰਦਿਆਂ ਹੋਇਆਂ ਪੇਸ਼ ਕਰਦੀ ਹੈ ਅਤੇ ਸਮੇਂ ਦੇ ਖ਼ਲੀਫ਼ਾ ਨੂੰ ਲਿਖੱਦੇ ਹਨ ਕਿ ਅਸੀਂ ਹਜ਼ਰਤ ਮਰਯੱਮ ਦੀ ਮਾਂ ਵਾਂਗ ਅਲੱਾਹ ਤਆਲਾ ਤੋਂ ਅਹਿਦ ਕਰਦੇ ਹੋਏ ਆਪਣੇ ਬੱਚੇ ਨੂੰ ਵਕਫ਼ੇ ਨੌ ਦੀ ਸਕੀਮ ਵਿੱਚ ਪੇਸ਼ ਕਰ ਰਹੇ ਹਾਂ ਕਿ :

(رَبِّ اِنِّیْ نَذَرْتُ لَكَ مَا فِیْ بَطْنِیْ مُحَرَّرًا فَتَقَبَّلْ مِنِّیْ ۚ اِنَّكَ اَنْتَ السَّمِیْعُ الْعَلِیْمُ) ਰੱਬਿ ਇੱਨੀ ਨਜ਼ਰਤੁ ਲਕਾ ਮਾ ਫ਼ੀ ਬਤਨੀ ਮੁਹਰੱਾਰਨ ਫ਼ਤਾਕਬੱਲ ਮਿੱਨੀ, ਇਨੱਾਕਾ ਅੰਤਸ ਸਮੀਉਲ ਅਲੀਮ ਕਿ ਹੇ ਮੇਰੇ ਰੱਬ ! ਜੋ ਕੁਝ ਮੇਰੇ ਗਰਭ ਵਿੱਚ ਹੈ ਮੈਂ ਤੇਰੇ ਲਈ ਪੇਸ਼ ਕਰ ਰਹੀ ਹਾਂ । ਇਹ ਤਾਂ ਮੈਂਨੂੰ ਨਹੀਂ ਪਤਾ ਕਿ ਇਹ ਲੜਕਾ ਹੈ ਜਾਂ ਲੜਕੀ, ਪਰ ਜੋ ਵੀ ਹੈ ਮੇਰੀ ਇਛੱਾ ਹੈ, ਮੇਰੀ ਦੁਆ ਹੈ ਕਿ ਇਹ ਦੀਨ (ਧਰਮ) ਦਾ ਸੇਵਕ ਬਣੇ । 'ਫ਼ਤਕਬੱਲ ਮਿੱਨੀ' ( فَتَقَبَّلْ مِنِّیْ) ਮੇਰੀ ਇਸ ਇਛੱਾ ਤੇ ਦੁਆ ਨੂੰ ਕੁਬੂਲ ਕਰ ਅਤੇ ਕੁਬੂਲ ਫ਼ਰਮਾ ਲੈ । ( اِنَّكَ اَنْتَ السَّمِیْعُ الْعَلِیْمُ) 'ਇਨੱਾਕਾ ਅੰਤਸ ਸਮੀਉਲ ਅਲੀਮ' ਤੂੰ ਬਹੁਤ ਸੁਨਣ ਵਾਲਾ ਅਤੇ ਜਾਨਣ ਵਾਲਾ ਹੈ । ਇਹ ਇਛੱਾ ਹੁੰਦੀ ਹੈ ਇਕ ਅਹਮਦੀ ਮਾਂ ਦੀ ਜੱਦ ਉਹ ਆਪਣੇ ਬੱਚੇ ਨੂੰ ਵਕਫ਼ ਕਰਨ ਲਈ ਪੇਸ਼ ਕਰਦੀ ਹੈ ਅਤੇ ਇਸ ਵਿੱਚ ਪਿਤਾ ਵੀ ਸ਼ਾਮਲ ਹੈ ।

ਅਲੱਾਹ ਤਆਲਾ ਨੇ ਇਹ ਦੁਆ ਕੁਰਆਨ ਕਰੀਮ ਵਿੱਚ ਇਸ ਲਈ ਸੁਰੱਖਿਅਤ ਨਹੀਂ ਕੀਤੀ ਕਿ ਇਕ ਪੁਰਾਣੇ ਸਮੇਂ ਦੀ ਕਹਾਣੀ ਸੁਨਾਉਣੀ ਉਦੇਸ਼ ਸੀ ਸਗੋਂ ਰੱਬ ਨੂੰ ਇਹ ਦੁਆ ਐਨ੍ਹੀ ਪਸੰਦ ਆਈ ਕਿ ਉਸ ਨੇ ਇਸ ਨੂੰ ਸੁਰੱਖਿਅਤ ਕਰ ਦਿੱਤਾ ਕਿ ਭਵਿੱਖ ਵਿੱਚ ਆਉਣ ਵਾਲੀਆਂ ਮਾਂਵਾਂ ਵੀ ਇਹ ਦੁਆ ਕਰਕੇ ਆਪਣੇ ਬੱਚਿਆਂ ਨੂੰ ਧਰਮ ਖ਼ਾਤਰ ਅਸਾਧਾਰਣ ਕੁਰਬਾਨੀਆਂ ਕਰਨ ਵਾਲਾ ਬਨਾਉਣ ਭਾਂਵੇ ਕਿ ਹਰ ਮੋਮਿਨ ਧਰਮ ਨੂੰ ਦੁਨੀਆ'ਤੇ ਪਹਿਲ ਦੇਣ ਦਾ ਅਹਿਦ ਕਰਦਾ ਹੈ ਪਰ ਵਕਫ਼ ਕਰਨ ਵਾਲੇ ਇਹਨਾਂ ਮਿਆਰਾਂ ਦੇ ਅੰਤ ਨੂੰ ਛੂਹਣ ਵਾਲੇ ਹੋਣੇ ਚਾਹੀਦੇ ਹਨ । ਸੋ, ਜੱਦ ਮਾਵਾਂ ਤੇ ਪਿਤਾ ਅਰੰਭ ਤੋਂ ਹੀ ਆਪਣੇ ਬੱਚਿਆਂ ਦੀ ਸੋਚ ਵਿੱਚ ਪਾਉਣਗੇ ਕਿ ਤੁਸੀਂ ਵਕਫ਼ ਹੋ ਅਤੇ ਅਸੀਂ ਤੁਹਾਨੂੰ ਨਿਰੋਲ ਧਰਮ ਖ਼ਾਤਰ ਵਕਫ਼ ਕੀਤਾ ਸੀ ਅਤੇ ਇਹ ਤੁਹਾਡੇ ਜੀਵਨ ਦਾ ਉਦੇਸ਼ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਨਾਲ ਦੁਆਵਾਂ ਵੀ ਕਰ ਰਹੇ ਹੋਣਗੇ ਤਾਂ ਫਿਰ ਬੱਚੇ ਇਸ ਸੋਚ ਨਾਲ ਪਰਵਾਨ ਚੜ੍ਹਨਗੇ ਕਿ ਉਹਨਾਂ ਨੇ ਧਰਮ ਦੀ ਸੇਵਾ ਕਰਨੀ ਹੈ । ਇਸ ਸੋਚ ਨਾਲ ਨਹੀਂ ਪਰਵਾਨ ਚੜ੍ਹਨਗੇ ਕਿ ਅਸੀਂ ਬਿਜ਼ਨੈਸ ਮੈਨ ਬਨਣਾ ਹੈ ਅਸੀਂ ਖਿਡਾਰੀ ਬਨਣਾ ਹੈ ਅਸੀਂ ਫ਼ਲਾਣੇ ਖੇਤਰ ਵਿੱਚ ਜਾਣਾ ਹੈ ਸਗੋਂ ਉਹਨਾਂ ਵੱਲੋਂ ਇਹ ਪ੍ਰਸ਼ਨ ਕੀਤਾ ਜਾਵੇਗਾ ਕਿ ਮੈਂ ਵਕਫ਼ੇ ਨੌ ਹਾਂ ਮੈਂਨੂੰ ਜਮਾਤ ਦੱਸੇ ਮੈਂਨੂੰ ਖ਼ਲੀਫ਼ਾ ਦੱਸੇ ਕਿ ਮੈਂ ਕਿਸ ਖੇਤਰ ਵਿੱਚ ਜਾਵਾਂ, ਮੈਂਨੂੰ ਹੁਣ ਦੁਨੀਆ ਨਾਲ ਕੋਈ ਗ਼ਰਜ਼ ਨਹੀਂ । ਹੁਣ ਮੈਂ ਬਿਨਾ ਕਿਸੇ ਸੰਸਾਰਕ ਮੋਹ ਦੇ ਅਤੇ ਇੱਛਾ ਦੇ ਕੇਵਲ ਤੇ ਕੇਵਲ ਧਰਮ ਲਈ ਆਪਣੇ ਆਪ ਨੂੰ ਵਕਫ਼ ਕਰਦਾ ਹਾਂ ।

ਮੈਂ ਪਹਿਲਾਂ ਵੀ ਕਈ ਵਾਰ ਵਿਸਥਾਰ ਨਾਲ ਪੇਸ਼ ਕਰ ਚੁੱਕਾ ਹਾਂ, ਕਿਸੇ ਵਕਫ਼ੇ ਨੌ ਬੱਚੇ ਦੀ ਇਹ ਸੋਚ ਨਹੀਂ ਹੋਣੀ ਚਾਹੀਦੀ ਕਿ ਅਸੀਂ ਸੰਸਾਰਕ ਰੂਪ ਵਿੱਚ ਕਿਵੇਂ ਗੁਜ਼ਾਰਾ ਕਰਾਂਗੇ ਜਾਂ ਇਹ ਭਰਮ ਪੈਦਾ ਹੋ ਜਾਵੇ ਕਿ ਅਸੀਂ ਮਾਂਪਿਆਂ ਦੀ ਆਰਥਕ ਜਾਂ ਸ਼ਰੀਰਕ ਸੇਵਾ ਕਿਸ ਪ੍ਰਕਾਰ ਕਰਾਂਗੇ । ਬੀਤੇ ਦਿਨੀ ਮੇਰੀ ਏਥੇ ਵਾਕਫ਼ੀਨ ਨੌ ਨਾਲ ਕਲਾਸ ਸੀ ਤਾਂ ਇਕ ਲੜਕੇ ਨੇ ਇਹ ਪ੍ਰਸ਼ਨ ਕੀਤਾ ਕਿ ਜੇਕਰ ਅਸੀਂ ਵਕਫ਼ ਕਰਕੇ ਸਾਰਾ ਸਮਾਂ ਜਮਾਤ ਦੀ ਸੇਵਾ ਵਿੱਚ ਪੇਸ਼ ਕਰ ਦੇਈਏ ਤਾਂ ਅਸੀਂ ਆਪਣੇ ਮਾਂਪਿਆਂ ਦੀ ਆਰਥਕ ਜਾਂ ਸ਼ਰੀਰਕ ਆਮ ਸੇਵਾ ਕਿਸ ਪ੍ਰਕਾਰ ਕਰ ਸਕਾਂਗੇ । ਇਹ

ਪ੍ਰਸ਼ਨ ਪੈਦਾ ਹੋਣਾ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਮਾਂ ਬਾਪ ਨੇ ਬਚਪੁਨੇ ਤੋਂ ਹੀ ਆਪਣੇ ਵਾਕਫ਼ੀਨ ਨੌ ਬੱਚਿਆਂ ਦੇ ਮਨਾਂ ਵਿੱਚ ਇਹ ਗੱਲ ਬਿਠਾਈ ਹੀ ਨਹੀਂ ਕਿ ਤੁਹਾਨੂੰ ਅਸੀਂ ਵਕਫ਼ ਕਰ ਦਿੱਤਾ ਹੈ ਅਤੇ ਹੁਣ ਤੁਸੀਂ ਕੇਵਲ ਜਮਾਤ ਦੀ ਅਮਾਨਤ ਹੋ । ਦੂਜੇ ਭਾਈ ਭੈਣ ਸਾਡੀ ਸੇਵਾ ਕਰ ਲੈਂਣਗੇ ਤੁਸੀਂ ਕੇਵਲ ਆਪਣੇ ਆਪ ਨੂੰ ਸਮੇਂ ਦੇ ਖ਼ਲੀਫ਼ਾ ਸਾਹਬ ਨੂੰ ਪੇਸ਼ ਕਰ ਦੇਣਾ ਹੈ ਅਤੇ ਉਸੇ ਦੇ ਆਦੇਸ਼ਾਂ ਅਨੁਸਾਰ ਚਲਣਾ ਹੈ । ਹਜ਼ਰਤ ਮਰੱਯਮ ਦੀ ਮਾਂ ਦੀ ਦੁਆ ਵਿੱਚ ਜੋ ਸ਼ਬਦ 'ਮੁਹਰੱਰਨ' (مُحَرَّرًا) ਵਰਤਿਆ ਗਿਆ ਹੈ ਇਸ ਦਾ ਇਹੋ ਅਰਥ ਹੈ ਕਿ ਮੈਂ ਇਸ ਬੱਚੇ ਨੂੰ ਸੰਸਾਰਕ ਜ਼ਿੰਮੇਦਾਰੀਆਂ ਤੋਂ ਉਕੱਾ ਹੀ ਅੱਡ ਕਰ ਦਿੱਤਾ ਹੈ ਅਤੇ ਮੇਰੀ ਦੁਆ ਹੈ ਕਿ ਖ਼ਾਲਸ ਧਰਮ ਦੀ ਜ਼ਿੰਮੇਦਾਰੀ ਹੀ ਇਸ ਦੀ ਪ੍ਰਾਥਮਕਤਾ ਹੋ ਜਾਵੇ । ਸੋ, ਉਹਨਾ ਮਾਵਾਂ ਤੇ ਪਿਤਾਵਾਂ ਨੂੰ ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਕਫ਼ੇ ਨੌ ਕੇਵਲ ਨਾਂ ਹੋਣਾ ਹੀ ਬਹੁਤ ਨਹੀਂ ਹੈ ਸਗੋਂ ਵਕਫ਼ ਤਾਂ ਇਕ ਮਹਤੱਵਪੂਰਨ ਜ਼ਿੰਮੇਦਾਰੀ ਹੈ । ਕਈ ਲੜਕੇ ਲੜਕੀਆਂ ਜਿਨ੍ਹਾਂ ਨੇ ਸੰਸਾਰਕ ਵਿਦਿਆ ਪ੍ਰਾਪਤ ਕੀਤੀ ਹੈ ਵੇਖਣ ਨੂੰ ਬਹੁਤ ਜੋਸ਼ ਦਿਖਾਉਂਦੇ ਹਨ ਆਣੀਆਂ ਸੇਵਾਵਾਂ ਪੇਸ਼ ਕਰਦੇ ਹਨ ਪਰ ਮਗਰੋਂ ਇਸ ਲਈ ਛੱਡ ਜਾਂਦੇ ਹਨ ਕਿ ਜਮਾਤ ਜੋ ਅਲਾਉਂਸ ਦਿੰਦੀ ਹੈ ਉਸ ਵਿਚ ਉਹਨਾਂ ਦਾ ਗੁਜ਼ਾਰਾ ਨਹੀਂ ਹੁੰਦਾ । ਜੱਦ ਇਕ ਵਡੱਾ ਮੰਤਵ ਪ੍ਰਾਪਤ ਕਰਨਾ ਹੋਵੇ ਤਾਂ ਤੰਗੀ ਅਤੇ ਕੁਰਬਾਨੀ ਤਾਂ ਕਰਨੀ ਪੈਂਦੀ ਹੈ । ਇਹ ਸੋਚਣ ਦੀ ਥਾਂ ਕਿ ਮੇਰਾ ਫ਼ਲਾਣਾ ਕਲਾਸ ਫ਼ੈਲੋ ਮੇਰੇ ਜਿੰਨ੍ਹੀ ਵਿਦਿਆ ਪ੍ਰਾਪਤ ਕਰਕੇ ਲਖੱਾਂ ਕਮਾ ਰਿਹਾ ਹੈ ਅਤੇ ਮੈਂ ਇਕ ਮਹੀਨੇ ਵਿੱਚ ਵੀ ਉਸ ਦੇ ਇਕ ਦਿਨ ਦੀ ਆਮਦ ਜਿੰਨ੍ਹਾਂ ਨਹੀਂ ਕਮਾ ਰਿਹਾ । ਇਹ ਸੋਚ ਹੋਣੀ ਚਾਹੀਦੀ ਹੈ ਕਿ ਜੋ ਮੁਕਾਮ ਮੈਨੂੰ ਰੱਬ ਨੇ ਦਿੱਤਾ ਹੈ ਉਹ ਸੰਸਾਰਕ ਮਾਲ ਤੋਂ ਬਹੁਤ ਚੰਗਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਸ ਫ਼ਰਮਾਨ ਨੂੰ ਸਾਹਮਣੇ ਰੱਖੋ ਕਿ ਸੰਸਾਰਕ ਮਾਲ ਤੇ ਅਸਬਾਬ ਦੇ ਪੱਖੋਂ ਆਪਣੇ ਤੋਂ ਘੱਟ ਵਾਲੇ ਵੱਲ ਦੇਖੋ ਅਤੇ ਰੂਹਨੀ ਪੱਖੋਂ ਆਪਣੇ ਤੋਂ ਵੱਧ ਵੱਲ ਦੇਖੋ ਤਾਂ ਜੋ ਆਰਥਕ ਦੌੜ ਵਿੱਚ ਵਧੱਣ ਦੀ ਥਾਂ ਰੂਹਾਨੀ ਦੌੜ ਵਿੱਚ ਵਧੱਣ ਦਾ ਜਤਨ ਕਰੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਵਾਕਫ਼ੀਨ ਨੌ ਨੂੰ ਸਾਧਾਰਣ ਅਹਮਦੀ ਤੋਂ ਬੁਲੰਦ ਹੋਕੇ ਇਹ ਮੁਕਾਮ ਹਾਸਲ ਕਰਨ ਦੇ ਜਤਨ ਕਰਨੇ ਚਾਹੀਦੇ ਹਨ । ਵਾਕਫ਼ੀਨ ਨੌ ਨੂੰ ਆਪਣੇ ਸੰਤੋਖ ਦੇ ਮਿਆਰਾਂ ਨੂੰ ਬਹੁਤ ਵਧਾਉਣਾ ਚਾਹੀਦਾ ਹੈ ਆਪਣੀ ਕੁਰਬਾਨੀ ਦੇ ਮਿਆਰਾਂ ਨੂੰ ਬਹੁਤ ਵਧਾਉਣਾ ਚਾਹੀਦਾ ਹੈ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀ ਆਰਥਕ ਪੱਖੋਂ ਕਮਜ਼ੋਰ ਹੋ ਜਾਵਾਂਗੇ ਤਾਂ ਸੰਭਵਤਾ ਸਾਡੇ ਭੈਣ ਭਰਾ ਕਮਤਰ ਸਮਝਣ ਜਾਂ ਮਾਂ ਬਾਪ ਸਾਨੂੰ ਇਸ ਪ੍ਰਕਾਰ ਧਿਆਨ ਨਾ ਦੇਣ ਜਿਵੇਂ ਬਾਕੀਆਂ ਨੂੰ ਦੇ ਰਹੇ ਹਨ । ਵਾਕਫ਼ੀਨ ਨੌ ਨੂੰ ਜਿੱਥੇ ਕੁਰਬਾਨੀ ਦਾ ਮਿਆਰ ਵਧਾਉਂਣਾ ਹੈ ਓਥੇ ਆਪਣੀ ਇਬਾਦਤ ਦੇ ਮਿਆਰ ਨੂੰ ਵੀ ਬੁਲੰਦ ਕਰਨਾ ਜਾਹੀਦਾ ਹੈ ਅਪਣੀ ਵਫ਼ਾਦਾਰੀ ਦੇ ਮਿਆਰ ਨੂੰ ਵੀ ਵਧਾਉਂਣਾ ਹੈ ਆਪਣੇ ਤੇ ਆਪਣੇ ਮਾਂਪਿਆਂ ਦੇ ਅਹਿਦ ਨੂੰ ਪੂਰਾ ਕਰਨ ਲਈ ਆਪਣੀਆਂ ਸਾਰੀਆਂ ਸਮਰਥਾਵਾਂ ਤੇ ਗੁਣਾ ਤੋਂ ਕੰਮ ਲੈਂਣ ਦਾ ਜਤਨ ਕਰਨਾ ਚਾਹੀਦਾ ਹੈ । ਧਰਮ ਦਾ ਸਰ ਬੁਲੰਦ ਕਰਨ ਲਈ ਜਤਨ ਕਰਨਾ ਚਾਹੀਦਾ ਹੈ ਫਿਰ ਰੱਬ ਵੀ ਨਵਾਜ਼ਦਾ ਹੈ ਅਤੇ ਬਿਨਾ ਪ੍ਰਤੀਫਲ ਦੇ ਨਹੀਂ ਛਡੱਦਾ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਇਕ ਮੌਕੇ ਆਪਣੇ ਅਹਿਦਾਂ ਨੂੰ ਪੂਰਾ ਕਰਨ ਬਾਰੇ ਨਸੀਹਤ ਕਰਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਰੱਬ ਨੇ ਕੁਰਆਨ ਕਰੀਮ ਵਿੱਚ ਇਸੇ ਲਈ ਹਜ਼ਰਤ ਇਬਰਾਹੀਮ ਦੀ ਸ਼ਲਾਘਾ ਕੀਤੀ ਹੈ, ਜਿਵੇਂ ਕਿ ਫ਼ਰਮਾਇਆ ਹੈ :

(وَإِبْرَاهِيمَ الَّذِي وَفَّىٰ) ਵ ਇਬਰਾਹੀਮਲੱਜ਼ੀ ਵਫ਼ੱਾ' ਕਿ ਉਸ ਨੇ ਜੋ ਅਹਿਦ ਕੀਤਾ ਉਹ ਪੂਰਾ ਕਰਕੇ ਦਿਖਾਇਆ । ਸੋ, ਅਹਿਦ ਪੂਰਾ ਕਰਨਾ ਕੋਈ ਸਾਧਾਰਣ ਚੀਜ ਨਹੀਂ ਹੈ ਅਤੇ ਉਹ ਅਹਿਦ ਜੋ ਜੀਵਨ ਵਕਫ਼ ਦਾ ਅਹਿਦ ਹੈ ਜਿਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਰਦ ਭਰੇ ਸ਼ਬਦ ਅਸੀਂ ਸੁਣ ਚੁਕੇ ਹਾਂ ਇਹ ਕਿੰਨ੍ਹਾ ਮਹਾਨ ਅਹਿਦ ਹੈ । ਜੇਕਰ ਹਰ ਵਕਫ਼ੇ ਨੌ ਲੜਕਾ ਤੇ ਲੜਕੀ ਆਪਣੇ ਇਸ ਅਹਿਦ ਨੂੰ ਵਫ਼ਾਦਾਰੀ ਨਾਲ ਪੂਰਾ ਕਰਨ ਵਾਲਾ ਹੋਵੇ ਤਾਂ ਅਸੀਂ ਦੁਨੀਆ ਵਿੱਚ ਇਕ ਇਨਕਲਾਬ ਪੈਦਾ ਕਰ ਸਕਦੇ ਹਾਂ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਰੱਬ ਨਾਲ ਵਫ਼ਾਦਾਰੀ ਅਤੇ ਸਿਦਕ ਤੇ ਸਚੱਾਈ ਦਿਖਾਉਂਣਾ ਇਕ ਮੌਤ ਮੰਗਦਾ ਹੈ । ਜੱਦ ਤੱਕ ਮਨੁੱਖ ਦੁਨੀਆ ਅਤੇ ਉਸ ਦੇ ਸਾਰੇ ਆਨੰਦ ਅਤੇ ਸ਼ਾਨ ਸ਼ੌਕਤ'ਤੇ ਪਾਣੀ ਫੇਰ ਦੇਣ ਨੂੰ ਤਿਆਰ ਨ ਹੋ ਜਾਵੇ ਅਤੇ ਹਰ ਜ਼ਿਲੱਤ ਤੇ ਸਖ਼ਤੀ ਤੇ ਤੰਗੀ ਰੱਬ ਲਈ ਗਵਾਰਾ ਕਰਨ ਲਈ ਤਿਆਰ ਨ ਹੋਵੇ ਇਹ ਸਿਫ਼ਤ ਪੈਦਾ ਨਹੀਂ ਹੋ ਸਕਦੀ । ਬੁਤ ਪਰਸਤੀ ਇਹੋ ਨਹੀਂ ਕਿ ਮਨੁੱਖ ਕਿਸੇ ਰੁੱਖ ਜਾਂ ਪਥੱਰ ਦੀ ਪੂਜਾ ਕਰੇ ਸਗੋਂ ਹਰ ਇਕ ਚੀਜ਼ ਜੋ ਰੱਬ ਦੇ ਨੇੜਤਾਂ ਤੋਂ ਰੋਕਦੀ ਹੈ ਅਤੇ ਉਸ'ਤੇ ਪ੍ਰਾਥਮਕ ਹੁੰਦੀ ਹੈ ਉਹ ਬੁੱਤ ਹੈ ਅਤੇ ਐਨ੍ਹੇ ਬੁੱਤ ਮਨੁੱਖ ਆਪਣੇ ਅੰਦਰ ਰਖੱਦਾ ਹੈ ਕਿ ਉਸ ਨੂੰ ਪਤਾ ਹੀ ਨਹੀਂ ਲਗੱਦਾ ਕਿ ਮੈਂ ਬੁੱਤ ਪਰਸਤੀ ਕਰ ਰਿਹਾ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਬ੍ਰਾਹੀਮ ਅਲੈਹਿ ਸਲਾਮ ਨੂੰ ਇਹ ਉਪਾਧੀ ਐਂਵੇ ਹੀ ਨਹੀਂ ਮਿਲ ਗਈ ਸੀ ? ਨਹੀਂ, 'ਇਬ੍ਰਾਹੀਮਲੱਜ਼ੀ ਵਫ਼ੱਾ' (وَإِبْرَٰهِيمَ ٱلَّذِى وَفَّىٰٓ) ਦੀ ਅਵਾਜ਼ ਉਸ ਸਮੇਂ ਆਈ ਜੱਦ ਉਹ ਪੁਤੱਰ ਦੀ ਕੁਰਬਾਨੀ ਲਈ ਤਿਆਰ ਹੋ ਗਏ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਉਹ ਮਿਆਰ ਹੈ, ਰੱਬ ਦਾ ਪਿਆਰ ਗ੍ਰਹਿਣ ਕਰਨ ਲਈ ਅਤੇ ਉਸ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨ ਲਈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਤੁ ਵਸੱਲਾਮ ਨੇ ਸਾਡੇ ਸਾਹਮਣੇ ਪੇਸ਼ ਕੀਤਾ ਹੈ ਅਤੇ ਸਾਡੇ ਕੋਲੋਂ ਇਸ ਦੀ ਪ੍ਰਾਪਤੀ ਦੀ ਆਸ਼ਾ ਰੱਖੀ ਹੈ । ਇਹ ਮਿਆਰ ਨ ਕੇਵਲ ਹਰ ਵਾਕਫ਼ੇ ਨੌ ਨੂੰ ਹਾਸਲ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਸਗੋਂ ਹਰ ਇਕ ਵਾਕਫ਼ੇ ਜਿੰਦਗੀ ਨੂੰ ਚੇਤੇ ਰਖੱਣਾ ਚਾਹੀਦਾ ਕਿ ਜੱਦ ਤੱਕ ਕੁਰਬਾਨੀਆਂ ਦੇ ਮਿਆਰ ਨਹੀਂ ਵਧੱਣਗੇ ਸਾਡੇ ਜੀਵਨ ਵਕਫ਼ ਕਰਨ ਦੇ ਦਾਵੇ ਓਪਰੇ ਜਿਹੇ ਹੋਣਗੇ । ਕਈ ਮਾਂਵਾਂ ਕਹਿ ਦਿੰਦੀਆਂ ਹਨ ਕਿ ਅਸੀਂ ਕੈਨੇਡਾ ਆ ਗਏ ਹਾਂ ਸਾਡਾ ਪੁਤੱਰ ਪਾਕਿਸਤਾਨ ਵਿੱਚ ਮੁਰੱਬੀ ਹੈ ਜਾਂ ਵਾਕਫ਼ੇ ਜ਼ਿੰਦਗੀ ਹੈ । ਉਸ ਨੂੰ ਏਥੇ ਬੁਲਾ ਲੈਂਣ ਅਤੇ ਏਥੀ ਹੀ ਡਿਊਟੀ ਲਗਾ ਦੇਣ ਜਾਂ ਸਾਡੇ ਕੋਲ ਆ ਜਾਏ । ਜੱਦ ਵਕਫ਼ ਕਰ ਦਿਤੱਾ ਤਾਂ ਫਿਰ ਮਤਾਲਬੇ ਕਿਸ ਪ੍ਰਕਾਰ ਦੇ ਫਿਰ ਇਹ ਇਛੱਾ ਕਿਸ ਪ੍ਰਕਾਰ ਦੀ ? ਇਛੱਾਵਾਂ ਤਾਂ ਮੁੱਕ ਗਈਆਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਬਿਨਾ ਦੁੱਖ ਦੇ ਬਿਨਾ ਕਸ਼ਟ ਦੇ ਕੁਰਬਾਨੀ ਨਹੀਂ ਹੋ ਸਕਦੀ । ਹਾਲਾਤ ਜੇਕਰ ਬਦਲੇ ਹਨ ਤਾਂ ਇਸ ਨੂੰ ਝਲੱਣਾ ਹੈ । ਰੱਬ ਨਹੀਂ ਛਡੱਦਾ ਅਤੇ ਅਤਿਅੰਤ ਨਵਾਜ਼ਦਾ ਹੈ ਅਲੱਾਹ ਕਰੇ ਸਾਰੇ ਵਕਫੀਨ ਨੌ ਵੀ ਅਤੇ ਉਹਨਾਂ ਦੇ ਮਾਤਾ ਪਿਤਾ ਵੀ ਵਕਫ਼ ਦੀ ਹਕੀਕਤ ਨੂੰ ਸਮਝਦੇ ਹੋਏ ਆਪਣੇ ਵਾਦਿਆਂ ਨੂੰ ਪੂਰਾ ਕਰਨ ਵਾਲੇ ਹੋਣ ਅਤੇ ਆਪਣੀ ਵਫ਼ਾਦਾਰੀ ਦੇ ਮਿਆਰ ਨੂੰ ਬੁਲੰਦ ਤੋਂ ਬੁਲੰਦ ਕਰਦੇ ਚਲੇ ਜਾਣ ਵਾਲੇ ਹੋਣ ।

ਕਈ ਲੋਕ ਆਪਣੇ ਵਾਕਫ਼ੀਨ ਨੌ ਬੱਚਿਆਂ ਦੀ ਸੋਚ ਵਿੱਚ ਇਹ ਗੱਲ ਪਾ ਦਿੰਦੇ ਹਨ ਕਿ ਤੁਸੀਂ ਬਹੁਤ ਹੀ ਸਪੈਸ਼ਲ ਬੱਚੇ ਹੋ ਜਿਸ ਦਾ ਸਿਟੱਾ ਇਹ ਹੁੰਦਾ ਹੈ ਕਿ ਵੱਡੇ ਹੋਕੇ ਵੀ ਉਹਨਾਂ ਦੀ ਸੋਚ ਵਿੱਚ ਸਪੈਸ਼ਲ ਹੋਣਾ ਰਹਿ ਜਾਂਦਾ ਹੈ ਅਤੇ ਇਹ ਪ੍ਰਸ਼ਨ ਏਥੇ ਵੀ ਇਸ ਪ੍ਰਕਾਰ ਦੀਆਂ ਗੱਲਾਂ ਮੇਰੇ ਕੋਲ ਪਹੁੰਚੀਆਂ ਹਨ । ਉਹ ਵਕਫ਼ ਦੀ ਹਕੀਕਤ ਨੂੰ ਪਿੱਛੇ ਕਰ ਦਿੰਦੇ ਹਨ ਅਤੇ ਵਕਫ਼ੇ ਨੌ ਦੇ ਟਾਈਟਲ ਨੂੰ ਆਪਣੇ ਜੀਵਨ ਦਾ ਟੀਚਾ ਸਮਝ ਲੈਂਦੇ ਹਨ ਕਿ ਅਸੀਂ ਸਪੈਸ਼ਲ ਹੋ ਗਏ । ਕਈਆਂ ਦੇ ਮਨਾਂ ਵਿੱਚ ਇਹ ਵਿਚਾਰ ਪੈਦਾ ਹੋ ਗਿਆ ਹੈ ਕਿ ਕਿਉਂਕਿ ਅਸੀਂ ਵਕਫ਼ੇ ਨੌ ਹਨ ਇਸ ਲਈ ਸਾਨੂੰ ਨਾਸਰਾਰਤ ਜੇਕਰ ਲੜਕੀਆਂ ਹਨ ਤਾਂ ਨਾਸਰਾਤ ਤੇ ਲਜਨਾ ਅਤੇ ਲੜਕੇ ਹਨ ਤਾਂ ਇਤਫ਼ਾਲ ਅਤੇ ਖ਼ੁਦੱਾਮ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ ਹੈ । ਸਾਡੀ ਤੰਜ਼ੀਮ ਇਕ ਵਖੱਰੀ ਤੰਜ਼ੀਮ ਬਣ ਗਈ ਹੈ । ਇਹ ਉਕੱਾ ਹੀ ਗ਼ਲਤ ਕਲਪਨਾ ਹੈ ਜੇਕਰ ਕਿਸੇ ਦੇ ਮਨ ਵਿੱਚ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਪੈਸ਼ਲ ਹੋਣ ਲਈ ਓਹਨਾਂ ਨੂੰ ਸਾਬਤ ਕਰਨਾ ਪਏਗਾ । ਕੀ ਸਾਬਤ ਕਰਨਾ ਹੋਵੇਗਾ ? ਇਹ ਕਿ ਉਹ ਰੱਬ ਨਾਲ ਸੰਬੰਧ ਵਿੱਚ ਹੋਰਨਾਂ ਤੋਂ ਵਧੇ ਹੋਏ ਹਨ ਫਿਰ ਉਹ ਸਪੈਸ਼ਲ ਅਖਵਾਉਣਗੇ, ਉਹਨਾਂ ਵਿੱਚ ਰੱਬ ਦਾ ਖ਼ੌਫ਼ ਦੂਜਿਆਂ ਤੋਂ ਬਹੁਤਾ ਹੈ ਫਿਰ ਉਹ ਸਪੈਸ਼ਲ ਅਖਵਾਉਣਗੇ, ਉਹਨਾਂ ਦੀਆਂ ਇਬਾਦਤਾਂ ਦੇ

ਮਿਆਰ ਦੂਜਿਆਂ ਤੋਂ ਬਹੁਤ ਬੁਲੰਦ ਹਨ ਫਿਰ ਉਹ ਸਪੈਸ਼ਲ ਅਖਵਾਉਣਗੇ, ਉਹ ਫ਼ਰਜ਼ ਨਮਾਜ਼ਾਂ ਦੇ ਨਾਲ ਨਵਾਫ਼ਿਲ ਵੀ ਪੜ੍ਹਨ ਵਾਲੇ ਹਨ ਫਿਰ ਉਹ ਸਪੈਸ਼ਲ ਅਖਾਵਾਉਣਗੇ, ਉਹਨਾਂ ਦੇ ਸਾਧਾਰਣ ਆਚਰਣਕ ਮਿਆਰ ਅਤਿਅੰਤ ਬੁਲੰਦ ਹਨ, ਇਹ ਇਕ ਨਿਸ਼ਾਨੀ ਹੈ ਸਪੈਸ਼ਲ ਹੋਣ ਦੀ । ਉਹਨਾਂ ਦੀ ਬੋਲ ਚਾਲ, ਗੱਲ ਬਾਤ ਕਰਨ ਦੇ ਢੰਗ ਵਿੱਚ ਦੂਜਿਆਂ ਦੇ ਟਾਕਰੇ ਵਿੱਚ ਬਹੁਤ ਅੰਤਰ ਹੈ ਇਕ ਪ੍ਰਤੱਖ ਪਤਾ ਲਗੱਦਾ ਹੈ ਕਿ ਖ਼ਾਲਸ ਤਰਬੀਯਤ ਯਾਫ਼ਤਾ (ਸੀਖ ਤੇ ਸਿੱਖਿਆ ਗ੍ਰਹਿਣ ਕੀਤਾ) ਅਤੇ ਧਰਮ ਨੂੰ ਦੁਨੀਆ ਉਪੱਰ ਹਰ ਅਵਸਥਾ ਵਿੱਚ ਪ੍ਰਾਥਮਕਤਾ ਦੇਣ ਵਾਲਾ ਵਿਅਕਤੀ ਹੈ, ਫਿਰ ਸਪੈਸ਼ਲ ਹੋਣਗੇ । ਲੜਕੀਆਂ ਹਨ ਤਾਂ ਉਹਨਾਂ ਦੇ ਵਸਤਰ ਅਤੇ ਪਰਦਾ ਇਸਲਾਮੀ ਸਿੱਖਿਆ ਦਾ ਨਮੂਨਾ ਹੈ ਜਿਸਨੂੰ ਦੂਜੇ ਲੋਕ ਦੇਖ ਕੇ ਈਰਖਾ ਕਰਨ ਵਾਲੇ ਹੋਣ ਅਤੇ ਇਕ ਕਹਿਣ ਵਾਲੇ ਹੋਣ ਕਿ ਵਾਸਤਵ ਵਿੱਚ ਇਸ ਵਾਤਾਵਰਣ ਵਿੱਚ ਰਹਿੰਦਿਆਂ ਹੋਇਆਂ ਵੀ ਉਹਨਾਂ ਦੇ ਵਸਤਰ ਅਤੇ ਪਰਦਾ ਅਸਾਧਾਰਣ ਨਮੂਨਾ ਹੈ, ਫਿਰ ਸਪੈਸ਼ਲ ਹੋਣਗੇ । ਲੜਕੇ ਹਨ ਤਾਂ ਉਹਨਾਂ ਦੀਆਂ ਨਜ਼ਰਾਂ ਹਿਯਾ (ਸੰਗ) ਕਰਕੇ ਹੇਠਾਂ ਝੁਕੀਆਂ ਹੋਈਆਂ ਹੋਣ ਨ ਕਿ ਏਧਰ ਓਧਰ ਗ਼ਲਤ ਕੰਮਾ ਵੱਲ ਤਕੱਣ ਵਾਲੀਆਂ, ਫਿਰ ਸਪੈਸ਼ਲ ਹੋਣਗੇ । ਇੰਟਰਨੈਟ ਅਤੇ ਦੂਜੀਆਂ ਚੀਜਾਂ'ਤੇ ਵਿਅਰਥ ਗਲੱਾਂ ਦੇਖਣ ਦੀ ਥਾਂ ਉਹ ਸਮਾਂ ਧਰਮ ਦਾ ਗਿਆਨ ਪ੍ਰਾਪਤ ਕਰਨ ਲਈ ਖਰਚ ਕਰਨ ਵਾਲੇ ਹੋਣ, ਫਿਰ ਸਪੈਸ਼ਲ ਹੋਣਗੇ । ਲੜਕਿਆਂ ਦੇ ਹੁਲੀਏ (ਦਿੱਖ, ਰੂਪ) ਦੂਜਿਆਂ ਤੋਂ ਮੁਮਤਾਜ਼ (ਪ੍ਰਮੁੱਖ) ਕਰਨ ਵਾਲੇ ਹੋਣ, ਫਿਰ ਸਪੈਸ਼ਲ ਹੋਣਗੇ । ਪ੍ਰਤੀਦਿਨ ਕੁਰਆਨ ਕਰੀਮ ਦੀ ਤਲਾਵਤ ਕਰਨ ਵਾਲੇ ਅਤੇ ਉਸ ਦੇ ਆਦੇਸ਼ਾਂ ਦੀ ਭਾਲ ਕਰਕੇ ਉਸ'ਤੇ ਅਮਲ ਕਰਨ ਵਾਲੇ ਹੋਣ, ਫਿਰ ਸਪੈਸ਼ਲ ਅਖਵਾ ਸਕਦੇ ਹਨ । ਜ਼ੈਲੀ ਤੰਜ਼ੀਮਾ (ਉਪ ਸੰਗਠਨਾ) ਅਤੇ ਜਮਾਤੀ ਪ੍ਰੋਗਰਾਮਾਂ ਵਿੱਚ ਦੂਜਿਆਂ ਤੋਂ ਵੱਧਕੇ ਅਤੇ ਬਕਾਇਦਗੀ ਨਾਲ ਭਾਗ ਲੈਂਣ ਵਾਲੇ ਹਨ ਤਾ ਫਿਰ ਸਪੈਸ਼ਲ ਹਨ । ਮਾਤਾ ਪਿਤਾ ਨਾਲ ਚੰਗੇ ਵਰਤਾਉ ਤੇ ਉਹਨਾਂ ਲਈ ਦੁਆਵਾਂ ਕਰਨ ਵਿੱਚ ਹੋਰਨਾ ਭੈਣਾ ਭਰਾਵਾਂ ਤੋਂ ਵਧੇ ਹੋਏ ਹਨ ਤਾਂ ਇਹ ਇਕ ਵਿਸ਼ੇਸ਼ਤਾ ਹੈ । ਰਿਸ਼ਤਿਆਂ ਸਮੇਂ ਲੜਕੇ ਵੀ ਤੇ ਲੜਕੀਆਂ ਵੀ ਦੁਨੀਆ ਦੇਖਣ ਦੀ ਥਾਂ ਦੀਨ (ਧਾਰਮਕਤਾ) ਦੇਖਣ ਵਾਲੇ ਹੋਣ, ਆਪਣੇ ਰਿਸ਼ਤੇ ਨਿਭਾਉਣ ਵਾਲੇ ਹੋਣ ਤਾਂ ਸਪੈਸ਼ਲ ਅਖਵਾਉਣਗੇ । ਉਹਨਾਂ ਵਿੱਚ ਸਹਿਨ ਸ਼ਕਤੀ ਹੋਰਨਾ ਤੋਂ ਅਧਿਕ ਹੈ, ਲੜਾਈ ਝਗੜਿਆਂ ਅਤੇ ਫ਼ਿਤਨੇ ਫ਼ਸਾਦਾਂ ਦੀ ਅਵਸਥਾ ਵਿੱਚ ਉਸ ਤੋਂ ਬਚਣ ਵਾਲੇ ਹਨ, ਸੁਲਾਹ ਕਰਨ ਵਾਲੇ ਹਨ ਤਾਂ ਸਪੈਸ਼ਲ ਹਨ । ਪ੍ਰਚਾਰ ਦੇ ਮੈਦਾਨ ਵਿੱਚ ਸਭ ਤੋਂ ਅੱਗੇ ਵੱਧ ਕੇ ਇਸ ਕਰਤਵ ਨੂੰ ਨੇਪਰੇ ਚਾੜ੍ਹਨ ਵਾਲੇ ਹਨ ਤਾਂ ਸਪੈਸ਼ਲ ਹਨ । ਖ਼ਿਲਾਫ਼ਤ ਦੀ ਤਾਬਿਆਦਾਰੀ ਅਤੇ ਉਸ ਦੇ ਫ਼ੈਸਲਿਆਂ ਉਪੱਰ ਅਮਲ ਕਰਨ ਵਿੱਚ ਪਹਿਲੀ ਪੰਕਤੀ ਵਿੱਚ ਹਨ ਤਾਂ ਸਪੈਸ਼ਲ ਹਨ । ਦੂਜਿਆਂ ਤੋਂ ਬਹੁਤੇ ਸਖ਼ਤ ਜਾਨ ਤੇ ਕੁਰਬਾਨੀਆਂ ਕਰਨ ਵਾਲੇ ਹਨ ਤਾਂ ਬਿਲਕੁਲ ਸਪੈਸ਼ਲ ਹਨ । ਆਜਜ਼ੀ ਤੇ ਵਿਨਮ੍ਰਤਾ ਵਿੱਚ ਸਭ ਤੋਂ ਅੱਗੇ ਹਨ, ਹੰਕਾਰ ਤੋਂ ਘ੍ਰਿਣਾ ਅਤੇ ਉਸ ਦੇ ਵਿਰੁਧ ਸੰਘਰਸ਼ (ਜਿਹਾਦ) ਕਰਨ ਵਾਲੇ ਹਨ ਤਾਂ ਬਹੁਤ ਸਪੈਸ਼ਲ ਹਨ । ਐਮ.ਟੀ.ਏ. ਉਪੱਰ ਮੇਰੇ ਖ਼ੁਤਬੇ ਸੁਣਨ ਵਾਲੇ ਅਤੇ ਮੇਰੇ ਹਰ ਪ੍ਰੋਗਰਾਮ ਨੂੰ ਦੇਖਣ ਵਾਲੇ ਹਨ ਤਾਂ ਜੋ ਉਹਨਾਂ ਦਾ ਮਾਰਗ ਦਰਸ਼ਨ ਹੋ ਸਕੇ ਤਾਂ ਬਹੁਤ ਸਪੈਸ਼ਲ ਹਨ । ਜੇਕਰ ਇਹ ਗਲੱਾਂ ਅਤੇ ਸਾਰੀਆਂ ਉਹ ਗਲੱਾਂ ਜੋ ਰੱਬ ਨੂੰ ਪਸੰਦ ਹਨ ਇਹ ਸਾਰੀਆਂ ਕਰਨ ਵਾਲੇ ਹਨ ਅਤੇ ਉਹ ਸਾਰੀਆਂ ਗਲੱਾਂ ਜੋ ਰੱਬ ਨੂੰ ਪਸੰਦ ਨਹੀਂ ਉਹਨਾਂ ਤੋਂ ਰੁਕਣ ਵਾਲੇ ਹਨ ਤਾਂ ਨਿਸ਼ਚੇ ਹੀ ਸਪੈਸ਼ਲ ਹਨ ਸਗੋਂ ਬਹੁਤ ਹੀ ਸਪੈਸ਼ਲ ਹਨ ਵਰਨਾ ਹੋਰਨਾ ਵਿੱਚ ਤੇ ਤੁਹਾਡੇ ਵਿੱਚ ਕੋਈ ਅੰਤਰ ਨਹੀਂ ਹੈ । ਇਹ ਮਾਤਾ ਪਿਤਾ ਨੂੰ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਇਸੇ ਸੋਚ ਨਾਲ ਬੱਚਿਆਂ ਦੀ ਤਰਬੀਯਤ ਕਰਨੀ ਚਾਹੀਦੀ ਹੈ ਆਪਣੇ ਬੱਚਿਆਂ ਦੀ ਕਿਉਕਿ ਜੇਕਰ ਇਹ ਚੀਜਾਂ ਹਨ ਤਾਂ ਇਸ ਸਮੇਂ ਦੁਨੀਆ ਵਿੱਚ ਇਨਕਲਾਬ ਲਿਆਉਣ ਦਾ ਸਾਧਨ ਰੱਬ ਨੇ ਆਪਨੂੰ ਬਣਾਇਆ ਹੈ ।

ਸੋ, ਤਰਬੀਯਤ ਦੇ ਦੌਰ ਵਿੱਚੋਂ ਲੰਘਦੇ ਸਮੇਂ ਮਾਤਾ ਪਿਤਾ ਇਸ ਗੱਲ ਦੇ ਜ਼ਿੰਮੇਦਾਰ ਹਨ ਕਿ ਇਸ ਪੱਖੋਂ ਉਹਨਾਂ ਨੂੰ ਸਪੈਸ਼ਲ ਬਨਾਉਣ ਅਤੇ ਵੱਡੇ ਹੋਕੇ ਇਹ ਵਾਕਫ਼ੀਨ ਨੌ ਆਪ ਇਸ ਸਪੈਸ਼ਲ ਹੋਣ ਦੇ ਮਿਆਰ ਨੂੰ ਪ੍ਰਾਪਤ ਕਰ ਸਕਣ

। ਮਾਂ ਬਾਪ ਨੂੰ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨ੍ਹੀ ਚਾਹੇ ਆਪਣੇ ਬੱਚਿਆਂ ਦੀ ਜੁਬਾਨੀ ਤਰਬੀਯਤ ਕਰ ਲਓ, ਉਸ ਦਾ ਪ੍ਰਭਾਵ ਉਸ ਸਮੇਂ ਤੱਕ ਨਹੀਂ ਹੋਵੇਗਾ ਜੱਦ ਤੱਕ ਆਪਣੀ ਕਹਿਣੀ ਤੇ ਕਰਣੀ ਨੂੰ ਉਸ ਅਨੁਸਾਰ ਨਹੀਂ ਕਰਨਗੇ । ਮਾਂ ਬਾਪ ਨੂੰ ਆਪਣੀਆਂ ਨਮਾਜ਼ਾਂ ਦੀ ਹਾਲਤ ਨੂੰ ਨਮੂਨਾ ਬਨਾਉਣਾ ਹੋਵੇਗਾ । ਕੁਰਆਨ ਕਰੀਮ ਨੂੰ ਪੜ੍ਹਨ ਤੇ ਪੜ੍ਹਉਣ ਲਈ ਆਪਣੇ ਨਮੂਨੇ ਕਾਇਮ ਕਰਨੇ ਹੋਣਗੇ । ਚੰਗੇ ਅਖ਼ਲਾਕਾਂ ਲਈ ਨਮੂਨਾ ਬਣਨਾ ਪਏਗਾ ਧਾਰਮਕ ਵਿਦਿਆ ਹਾਸਲ ਕਰਨ ਲਈ ਆਪ ਵੀ ਧਿਆਨ ਦੇਣਾ ਹੋਵੇਗਾ । ਝੂਠ ਤੋਂ ਨਫ਼ਰਤ ਦੇ ਉਤੱਮ ਨਮੂਨੇ ਕਾਇਮ ਕਰਨੇ ਹੋਣਗੇ । ਘਰਾਂ ਵਿੱਚ ਭਾਵੇਂ ਇਸ ਦੇ ਕਿ ਕਈਆਂ ਨੂੰ ਕਿਸੇ ਅਹੁਦੇਦਾਰ ਤੋਂ ਕਸ਼ਟ ਪਹੁੰਚਿਆ ਹੋਵੇ ਨਿਜ਼ਾਮੇ ਖ਼ਿਲਾਫ਼ਤ ਜਾਂ ਅਹੁਦੇਦਾਰਾਂ ਖ਼ਿਲਾਫ਼ ਬੋਲਣ ਤੋਂ ਪਰਹੇਜ਼ ਕਰਨਾ ਹੋਵੇਗਾ । ਐਮ.ਟੀ.ਏ. ਉਪੱਰ ਘੱਟੋ ਘੱਟ ਮੇਰੇ ਖ਼ੁਤਬੇ ਜੋ ਹਨ ਉਹ ਬਕਾਇਦਗੀ ਨਾਲ ਸੁਨਣੇ ਹੋਣਗੇ ਅਤੇ ਇਹ ਗਲੱਾਂ ਕੇਵਲ ਵਾਕਫ਼ੀਨ ਨੌ ਦੇ ਮਾਂਪਿਆਂ ਲਈ ਜ਼ਰੂਰੀ ਨਹੀਂ ਸਗੋਂ ਹਰ ਉਹ ਅਹਮਦੀ ਜੋ ਚਹੁੰਦਾ ਹੈ ਕਿ ਉਸ ਦੀਆਂ ਨਸਲਾਂ ਨਿਜ਼ਾਮੇ ਜਮਾਤ ਨਾਲ ਸਲੰਗਤ ਰਹਿਣ ਉਹਨਾਂ ਨੂੰ ਚਾਹੀਦਾ ਹੈ ਕਿ ਆਪਣੇ ਘਰਾਂ ਨੂੰ ਅਹਮਦੀ ਘਰ ਬਨਾਉਣ ਦੁਨੀਆਦਾਰਾਂ ਦੇ ਘਰ ਨ ਬਨਾਉਣ ਨਹੀਂ ਤਾਂ ਅਗਲੀ ਨਸਲ (ਪੀੜ੍ਹੀ) ਦੁਨੀਆਂ ਵਿੱਚ ਪੈ ਕੇ ਨ ਕੇਵਲ ਅਹਮਦੀਅਤ ਤੋਂ ਦੂਰ ਚਲੀਆਂ ਜਾਣਗੀਆਂ ਸਗੋਂ ਰੱਬ ਤੋਂ ਵੀ ਦੂਰ ਹੋ ਜਾਣਗੀਆਂ ਅਤੇ ਆਪਣਾ ਇਹ ਲੋਕ ਤੇ ਪਰਲੋਕ ਦੋਵੇਂ ਹੀ ਬਰਬਾਦ ਕਰਨਗੀਆਂ । ਰੱਬ ਕਰੇ ਕਿ ਨ ਕੇਵਲ ਵਾਕਫ਼ੀਨ ਨੌ ਬੱਚੇ ਹੀ ਨੇੜਤਾ ਪ੍ਰਾਪਤ ਕਰਨ ਵਾਲੇ ਅਤੇ ਤਕਵਾ (ਸੰਜਮਤਾ) ਉਪੱਰ ਚਲੱਣ ਵਾਲੇ ਹੋਣ ਸਗੋਂ ਉਹਨਾਂ ਦੇ ਸੰਬੰਧੀਆਂ ਦੇ ਅਮਲ ਵੀ ਉਹਨਾਂ ਨੂੰ ਹਰ ਪ੍ਰਕਾਰ ਦੀ ਬਦਨਾਮੀ ਤੋਂ ਬਚਾਉਣ ਵਾਲੇ ਹੋਣ ਸਗੋਂ ਹਰ ਅਹਮਦੀ ਉਹ ਹਕੀਕੀ ਅਹਮਦੀ ਬਣ ਜਾਏ ਜਿਸ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਸਾਨੂੰ ਤਲਕੀਨ ਕੀਤੀ ਹੈ ਤਾਂ ਜੋ ਦੁਨੀਆ ਵਿੱਚ ਬਹੁਤ ਛੇਤੀ ਅਸੀਂ ਅਹਮਦੀਅਤ ਤੇ ਹਕੀਕੀ ਇਸਲਾਮ ਦਾ ਝੰਡਾ ਉਠਦਾ ਹੋਇਆ ਦੇਖੀਏ । ਅਲੱਾਹ ਤਆਲਾ ਸਾਨੂੰ ਇਹਨਾਂ ਨਸੀਹਤਾਂ ਉਪੱਰ ਅਮਲ ਕਰਨ ਦੀ ਤੌਫ਼ੀਕ ਪ੍ਰਦਨ ਕਰੇ ।

**Khulasa Khutba Jumma 28.10.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131